<u>ਪ੍ਰੈਸ ਨੋਟ</u>

ਮਾਣਯੋਗ ਸ੍ਰੀ ਸਤਿੰਦਰ ਸਿੰਘ ਸੀਨੀਅਰ ਪੁਲਿਸ ਕਪਤਾਨ ਕਪੂਰਥਲਾ ਵੱਲੋਂ ਅਪਰਾਧੀਆਂ ਅਤੇ ਨਸ਼ੇ ਦੇ ਖਿਲਾਫ ਵਿੱਢੀ ਹੋਈ ਮੁਹਿੰਮ ਤਹਿਤ ਪੁਲਿਸ ਕਪਤਾਨ ਤਫਤੀਸ਼ ਸ੍ਰੀ ਜਗਜੀਤ ਸਿੰਘ ਸਰੋਆ ਜੀ ਨੇ ਦੱਸਿਆ ਕਿ ਉੱਪ ਪੁਲਿਸ ਕਪਤਾਨ ਤਫਤੀਸ਼ ਸ੍ਰੀ ਮਨਪ੍ਰੀਤ ਸਿੰਘ ਢਿੱਲੋਂ ਅਤੇ ਇੰਸਪੈਕਟਰ ਸੁਖਪਾਲ ਸਿੰਘ ਇੰਚਾਰਜ ਸੀ.ਆਈ.ਏ ਸਟਾਫ ਕਪੂਰਥਲਾ ਦੀ ਨਿਗਰਾਨੀ ਹੇਠ ਮਿਲੀ ਸਫਲਤਾ ਸਬੰਧੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਏ.ਐਸ.ਆਈ ਨਵੀਨ ਕੁਮਾਰ ਸੀ.ਆਈ.ਏ ਸਟਾਫ ਕਪੂਰਥਲਾ ਨੂੰ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਪਿੰਡ ਬੂਟਾਂ ਦੇ ਚੱਤਰ ਸਿੰਘ ਉਰਫ ਬਿੱਲਾ, ਬੋਧਾ ਪੁੱਤਰਾਨ ਸ਼ੇਰ ਸਿੰਘ, ਸੁਖਵੰਤ ਸਿੰਘ ਉਰਫ ਰਾਜਾ ਪੁੱਤਰ ਗੁਰਦੀਪ ਸਿੰਘ ਅਤੇ ਨਰੈਣ ਸਿੰਘ ਪੁੱਤਰ ਜੈਮਲ ਸਿੰਘ ਵਾਸੀਆਨ ਪਿੰਡ ਬੂਟ ਜੋ ਕਿ ਸਪਿਰਟ ਜਿਸ ਤੋਂ ਨਜਾਇਜ ਸ਼ਰਾਬ ਤਿਆਰ ਕਰਕੇ ਵੇਚਦੇ ਹਨ ਜੋ ਅੱਜ ਵੀ ਉਹ ਦੋ ਗੱਡੀਆਂ **PB 08 Y 2511** ਟਾਟਾ 407 ਅਤੇ ਇੱਕ ਮਾਰੂਤੀ ਕਾਰ ਨੰਬਰੀ **PB 08 X** 9611 ਪਰ ਜਲੰਧਰ ਸਾਈਡ ਤੋਂ ਸਪਿਰਟ ਲੈ ਕੇ ਢਿੱਲਵਾਂ ਵਾਲੀ ਸਾਈਡ ਨੂੰ ਆ ਰਹੇ ਹਨ ਜੋ ਕਿ ਉਕਤ ਨੰਬਰੀ ਮਾਰੂਤੀ ਕਾਰ ਟਾਟਾ 407 ਦੇ ਅੱਗੇ-ਅੱਗੇ ਚੱਲ ਕੇ ਰਸਤਾ ਚੈੱਕ ਕਰਨ ਦਾ ਕੰਮ ਕਰਦੀ ਹੈ ਕਿ ਰਸਤੇ ਵਿੱਚ ਕੋਈ ਪੁਲਿਸ ਨਾਕਾ ਤਾ ਨਹੀਂ ਲੱਗਾ ਜਿਸ ਤੇ ਕਿ **ASI** ਨਵੀਨ ਕੁਮਾਰ ਨੇ ਸਮੇਤ ਪੁਲਿਸ ਪਾਰਟੀ ਅਤੇ ਐਕਸਾਈਜ ਇੰਸਪੈਕਟਰ ਰਣਬਹਾਦਰ ਸਿੰਘ ਦੇ ਹਮੀਰਾ ਨੇੜੇ ਨਾਕਾਬੰਦੀ ਕਰਕੇ ਉਕਤ ਦੋਨੋਂ ਗੱਡੀਆਂ ਨੂੰ ਕਾਬੂ ਕੀਤਾ।ਜੋ ਮਾਰੂਤੀ ਕਾਰ ਨੂੰ ਸੁਖਵੰਤ ਸਿੰਘ ਚਲਾ ਰਿਹਾ ਸੀ ਜੋ ਤਲਾਸ਼ੀ ਕਰਨ ਤੇ ਗੱਡੀ ਵਿੱਚੋਂ 50/50 ਲੀਟਰ ਦੇ ਚਾਰ ਕੈਨ ਸ਼ਰਾਬ ਨਜਾਇਜ (ਸਪਿਰਟ) ਬਰਾਮਦ ਹੋਏ ਅਤੇ ਦੂਸਰੀ ਗੱਡੀ ਟਾਟਾ 407 ਜਿਸ ਨੂੰ ਕਿ ਨਰੈਣ ਸਿੰਘ ਚਲਾ ਰਿਹਾ ਸੀ ਤੇ ਚਤਰ ਸਿੰਘ, ਬੋਹਤਾ ਸਿੰਘ ਉਸਦੇ ਨਾਲ ਬੈਠੇ ਸੀ ਜੋ ਟਾਟਾ 407 ਦੀ ਤਲਾਸ਼ੀ ਕਰਨ ਤੇ ਉਸ ਵਿੱਚੋਂ 10 ਡਰੰਮ 200 ਲੀਟਰ ਹਰੇਕ ਡਰੰਮ ਨਜਾਇਜ ਸ਼ਰਾਬ (ਸਪਿਰਟ) ਬਰਾਮਦ ਹੋਈ ਜੋ ਦੋਨਾਂ ਗੱਡੀਆਂ ਵਿੱਚੋਂ ਕੁੱਲ 2200 ਲੀਟਰ ਸ਼ਰਾਬ ਨਜਾਇਜ (ਸਪਿਰਟ) ਬਰਾਮਦ ਹੋਈ।ਜਿਸ ਤੇ ਦੋਸ਼ੀਆਨ ਦੇ ਖਿਲਾਫ ਮੁਕੱਦਮਾ ਨੰਬਰ 91 ਮਿਤੀ 07.08.2018 ਅ/ਧ 61-1-14(**A**) ਆਬਕਾਰੀ ਐਕਟ ਥਾਣਾ ਸੁਭਾਨਪੁਰ ਦਰਜ ਰਜਿਸਟਰ ਕੀਤਾ ਗਿਆ।ਦੋਸ਼ੀਆਨ ਪਾਸੋਂ ਪੁੱਛਗਿੱਛ ਜਾਰੀ ਹੈ।ਜਿਸ ਤੋਂ ਹੋਰ ਅਹਿਮ ਇੰਕਸ਼ਾਫ ਹੋਣ ਦੀ ਸੰਭਾਵਨਾ ਹੈ।

